# ਦਫ਼ਤਰ ਨਗਰ ਨਿਗਮ ਹੁਸ਼ਿਆਰਪੁਰ
# ਪ੍ਰੈਸ ਨੋਟ

## ਤਿਕਸ਼ਨ ਸੂਦ ਨੇ ਵਾਰਡ ਨੰ:39 ਦੇ ਮੁਹੱਲਾ ਗੁੜੀ ਗੇਟ ਨਜਦੀਕ ਜੈਨ ਪਾਸਰਾ ਵਿਖੇ 20 ਲੱਖ ਰੁਪਏ ਦੀ ਲਾਗਤ ਨਾਲ ਲਗਣ ਵਾਲੇ ਟਿਊਬਵੈਲ ਦੇ ਕੰਮ ਦੀ ਕੀਤੀ ਸ਼ੁਰੂਆਤ।

## ਆਉਣ ਵਾਲੇ ਗਰਮੀ ਦੇ ਮੋਸਮ ਵਿੱਚ ਸਹਿਰ ਵਾਸੀਆਂ ਨੂੰ ਪੀਣ ਵਾਲੇ ਪਾਣੀ ਦੀ ਕੋਈ ਕਮੀ ਨਹੀ ਰਹੇਗੀ.........ਤਿਕਸ਼ਨ ਸੂਦ

ਹੁਸ਼ਿਆਰਪੁਰ 22 ਦੰਸਬਰ    ਨਗਰ ਨਿਗਮ ਹੁਸ਼ਿਆਰਪੁਰ ਦੇ ਵਾਰਡ ਨੰ: 39 ਵਿੱਚ ਆਉਣ ਵਾਲੇ ਗਰਮੀ ਦੇ ਮੋਸਮ ਦੋਰਾਨ ਪੀਣ ਵਾਲੇ ਪਾਣੀ ਦੀ ਕੋਈ ਕਮੀ ਨਹੀ ਆਵੇਗੀ। ਇਹ ਜਾਣਕਾਰੀ ਮੰਤਰੀ ਪੰਜਾਬ ਦੇ ਰਾਜਨੀਤਿਕ ਸਲਾਹਕਾਰ ਤਿਕਸ਼ਨ ਸੂਦ ਨੇ ਅੱਜ ਵਾਰਡ ਨੰ:39 ਦੇ ਮੁਹੱਲਾ ਗੁੜੀ ਗੇਟ ਨਜਦੀਕ ਜੈਨ ਪਾਸਰਾ ਵਿਖੇ 20 ਲੱਖ ਰੁਪਏ ਦੀ ਲਾਗਤ ਨਾਲ ਲਗਣ ਵਾਲੇ ਟਿਊਬਵੈਲ ਦੀ ਕੰਮ ਦੀ ਸੁ਼ਰੂਆਤ ਮੁਹੱਲੇ ਦੇ ਬਜੂਰਗ ਰਮੇਸ਼ ਕੁਮਾਰ ਤੋਂ ਰੀਬਨ ਕੱਟਵਾ ਕੇ ਕਰਵਾਉਣ ਉਪਰੰਤ ਦਿੱਤੀ । ਉਹਨਾਂ ਦੱਸਿਆ ਕਿ ਮੁਹੱਲਾ ਵਾਸੀਆ ਵਲੋਂ ਪੀਣ ਪਾਣੀ ਦੀ ਕਮੀ ਨੂੰ ਦੂਰ ਕਰਨ ਲਈ ਮੰਗ ਕੀਤੀ ਜਾ ਰਹੀ ਸੀ। ਵਾਰਡ ਨੰ:39 ਦੇ ਕੌਂਸਲਰ ਸਵਿਤਾ ਸੂਦ ਨੇ ਮੁਹੱਲਾ ਨਿਵਾਸੀਆਂ ਦੀ ਪੀਣ ਵਾਲੇ ਪਾਣੀ ਦੀ ਮੰਗ ਨੂੰ ਪੂਰਾ ਕਰਨ ਲਈ ਨਗਰ ਨਿਗਮ ਦੇ ਧਿਆਨ ਵਿੱਚ ਲਿਆਂਦਾ ਸੀ। ਮੁਹੱਲਾ ਨਿਵਾਸੀਆ ਦੀ ਮੰਗ ਨੂੰ ਪੂਰਾ ਕਰਨ ਲਈ ਇਹ ਟਿਊਬਵੈਲ  ਲਗਾਇਆ ਜਾ ਰਿਹਾ ਹੈ। ਵਾਰਡ ਨੰ:39 ਦੇ ਕੌਂਸਲਰ ਸਵਿਤਾ ਸੂਦ ਨੇ ਮੁਹੱਲਾ ਵਾਸੀਆ ਵਲੋਂ ਤਿਕਸ਼ਨ ਸੂਦ ਅਤੇ ਮੇਅਰ ਸ਼ਿਵ ਸੂਦ ਵਲੋਂ ਟਿਊਬਵੈਲ ਲਗਾਉਣ ਦਾ  ਕੰਮ ਸੁਰੂ ਕਰਨ ਦੇ ਉਹਨਾਂ ਦਾ ਧੰਨਵਾਦ ਕੀਤਾ।

ਨਗਰ ਨਿਗਮ ਦੇ ਮੇਅਰ ਸ਼ਿਵ ਸੂਦ ਨੇ ਦੱਸ਼ਿਆ ਕਿ ਨਗਰ ਨਿਗਮ ਦੇ ਵੱਖ-ਵੱਖ ਵਾਰਡਾਂ ਵਿੱਚ ਕੌਂਸਲਰਾਂ ਵਲੋਂ ਪੀਣ ਵਾਲੇ ਪਾਣੀ ਦੀ ਕਮੀ ਨੂੰ ਕੀਤੀ ਮੰਗ ਅਨੁਸਾਰ 22 ਨਵੇ ਟਿਊਬਵੈਲ ਲੱਗਾਏ ਜਾ ਰਹੇ ਹਨ। ਇਨ੍ਹਾਂ ਦੇ ਲੱਗਣ ਨਾਲ ਸ਼ਹਿਰ ਵਿੱਚ ਪੀਣ ਵਾਲੇ ਪਾਣੀ ਦੀ ਕੋਈ ਕਮੀ ਨਹੀ ਰਹੇਗੀ। ਨਗਰ ਨਿਗਮ ਦੇ ਜੇ.ਈ (ਮਕੈਨੀਕਲ) ਅਸ਼ਵਨੀ ਸ਼ਰਮਾ,ਕੌਂਸ਼ਲਰ ਨਿਪੁੰਨ ਸਰਮਾ,ਰਾਮਦੇਵ ਯਾਦਵ, ਅਸ਼ਵਨੀ ਛੋਟਾ,ਆਦਸ਼ਰ ਕਪੀਲੇ,ਨਿਰੇਸ਼ ਗਪਤਾ,ਰਮੇਸ਼ ਜੈਨ,ਸੁਧਰੀ ਜੈਨ,ਰਕੇਸ਼ ਭੱਲਾ, ਵਿਧੀ ਚੰਦ,ਅਨਿਲ ਜੈਨ,ਸੂਰਜ  ਕੁਮਾਰ,ਪਵਨਸਰਮਾ,ਸਾਹਿਲਜੈਨ, ਡਾ.ਅਵਨੀਸ਼, ਮਦਨਮੋਹਨ, ਰਾਜੂਭੱਲਾ, ਮੋਹਿਤ, ਰੋਹਿਤ ਸਰਮਾ,ਰਿਕਿ ਮਹਾਵਹਾ,ਯ਼ਸਪਾਲ ਸਰਮਾ, ਮੰਜੂ ਸੈਣੀ,ਮੱਧੂ ਬੱਗਾ, ਮਮਤਾ,ਸੁ਼ਨੀਤਾ ਦੇਵੀ, ਇੰਦਰਾ, ਉੱਸ਼ਾ ਰਾਣੀ, ਅਤੇ ਮੁਹੱਲਾ ਨਿਵਾਸੀ ਇਸ ਮੋਕੇ ਤੇ ਹਾਜਰ ਸਨ।